# ਆਪਣੇ ਹੈਪੇਟਾਈਟਸ ਬੀ ਦੇ ਟੈਸਟ ਨਤੀਜਿਆਂ ਨੂੰ ਸਮਝੋ*

**ਹੈਪੇਟਾਈਟਸ ਬੀ ਪੈਨਲ ਦੇ ਖੂਨ ਦੇ ਟੈਸਟਾਂ ਦੇ ਵਿੱਚ ਤਿੰਨ ਟੈਸਟ ਸ਼ਾਮਲ ਹੁੰਦੇ ਹਨ। ਤੁਹਾਡੀ ਸਥਿਤੀ ਬਾਰੇ ਪੁਸ਼ਟੀ ਕਰਨ ਲਈ ਇਹਨਾਂ ਤਿੰਨਾਂ ਟੈਸਟਾਂ ਦੇ ਨਤੀਜੇ ਜਾਣਨੇ ਲਾਜ਼ਮੀ ਹਨ। ਹੇਠਾਂ ਦਿੱਤੇ ਚਾਰਟ ਵਿੱਚ ਟੈਸਟ ਦੇ ਨਤੀਜਿਆਂ ਦੀ ਸਭ ਤੋਂ ਸਧਾਰਨ ਵਿਆਖਿਆ ਦਿੱਤੀ ਗਈ ਹੈ, ਪਰ ਤੁਹਾਨੂੰ ਅਸਧਾਰਨ ਟੈਸਟ ਨਤੀਜੇ ਵੀ ਦੇਖਣ ਨੂੰ ਮਿਲ ਸਕਦੇ ਹਨ।**

ਕਿਰਪਾ ਕਰਕੇ ਧਿਆਨ ਦਿਓ: ਇਹ ਚਾਰਟ ਡਾਕਟਰੀ ਸਲਾਹ ਦੇ ਰੂਪ ਵਿੱਚ ਨਹੀਂ ਹੈ। ਪੂਰੀ ਜਾਣਕਾਰੀ ਲਈ ਆਪਣੇ ਡਾਕਟਰ ਨਾਲ ਗੱਲ ਕਰੋ ਅਤੇ ਆਪਣੇ ਟੈਸਟ ਨਤੀਜਿਆਂ ਦੀ ਇੱਕ ਪ੍ਰਿੰਟ ਕੀਤੀ ਕਾਪੀ ਵੀ ਪ੍ਰਾਪਤ ਕਰੋ।

| **HBsAg**<br>ਹੈਪੇਟਾਈਟਸ ਬੀ ਸਰਫੇਸ ਐਂਟੀਜਨ ਟੈਸਟ | **anti-HBs**<br>(HBsAb)<br>ਹੈਪੇਟਾਈਟਸ ਬੀ ਸਰਫੇਸ ਐਂਟੀਬਾਡੀ ਟੈਸਟ | **anti-HBc**<br>(HBcAb)<br>ਹੈਪੇਟਾਈਟਸ ਬੀ ਕੋਰ ਐਂਟੀਬਾਡੀ ਟੈਸਟ | **ਇਹਨਾਂ ਨਤੀਜਿਆਂ ਦਾ ਕੀ ਅਰਥ ਹੈ** | **ਤੁਹਾਨੂੰ ਕੀ ਕਰਨਾ ਚਾਹੀਦਾ ਹੈ** |
|---|---|---|---|---|
| − | − | − | **ਤੁਹਾਡੇ ਸਰੀਰ ਵਿੱਚ ਇਮਿਊਨਿਟੀ ਨਹੀ ਹੈ/ਤੁਸੀ ਸੁਰੱਖਿਅਤ ਨਹੀ ਹੋ**<br>• ਤੁਸੀ ਸੰਕਰਮਿਤ ਨਹੀ ਹੋ ਅਤੇ ਅਤੀਤ ਵਿੱਚ ਵੀ ਕਦੇ ਸੰਕਰਮਿਤ ਨਹੀ ਹੋਏ ਹੋ।<br>• ਤੁਹਾਨੂੰ ਹੈਪੇਟਾਈਟਸ ਬੀ ਹੋਣ ਦਾ ਉੱਚ ਜੋਖਮ ਹੈ | **ਵੈਕਸੀਨ ਲੋੜੀਦੀ ਹੈ** |
| − | + | − | **ਤੁਹਾਡੇ ਸਰੀਰ ਵਿੱਚ ਇਮਿਊਨਿਟੀ ਹੈ/ਤੁਸੀ ਸੁਰੱਖਿਅਤ ਹੋ**<br>• ਤੁਸੀ ਸੰਕਰਮਿਤ ਨਹੀ ਹੋਏ ਹੋ।<br>• ਹੈਪੇਟਾਈਟਸ ਬੀ ਦੀ ਵੈਕਸੀਨ ਦੇ ਕਾਰਨ ਤੁਹਾਡੇ ਵਿੱਚ ਇਮਿਊਨਿਟੀ ਹੈ। | **ਵੈਕਸੀਨ ਲੋੜੀਦੀ ਨਹੀ ਹੈ** |
| − | + | + | **ਕੁਦਰਤੀ ਸੰਕਰਮਣ ਦੇ ਕਾਰਨ ਤੁਹਾਡੇ ਵਿੱਚ ਇਮਿਊਨਿਟੀ ਹੈ**<br>• ਤੁਸੀ ਪਹਿਲਾਂ ਹੋ ਚੁੱਕੇ ਹੈਪੇਟਾਈਟਸ ਬੀ ਦੇ ਸੰਕਰਮਣ ਤੋਂ ਸਿਹਤਯਾਬ ਹੋ ਚੁੱਕੇ ਹੋ।<br>• ਤੁਸੀ ਹੋਰਾਂ ਨੂੰ ਸੰਕਰਮਿਤ ਨਹੀ ਕਰ ਸਕਦੇ। | **ਵੈਕਸੀਨ ਲੋੜੀਦੀ ਨਹੀ ਹੈ**<br>• ਆਪਣੇ ਹੈਪੇਟਾਈਟਸ ਬੀ ਦੇ ਟੈਸਟ ਦੇ ਨਤੀਜਿਆਂ ਬਾਰੇ ਆਪਣੇ ਡਾਕਟਰਾਂ ਨੂੰ ਸਾਰੀ ਜਾਣਕਾਰੀ ਦਿਓ।<br>• ਇਮਿਊਨਿਟੀ ਨੂੰ ਕਮਜ਼ੋਰ ਕਰਨ ਵਾਲੀ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ ਕਿਉਂਕਿ ਇਸ ਨਾਲ ਹੈਪੇਟਾਈਟਸ ਬੀ ਦੇ ਦੁਬਾਰਾ ਹੋਣ ਦਾ ਜੋਖਮ ਵੱਧ ਸਕਦਾ ਹੈ। |
| + | − | + | **ਤੁਸੀ ਸੰਕਰਮਿਤ ਹੋ**<br>• ਤੁਹਾਡੇ ਖੂਨ ਵਿੱਚ ਹੈਪੇਟਾਈਟਸ ਬੀ ਦਾ ਵਾਇਰਸ ਹੈ।<br>• ਤੁਸੀ ਹੋਰਾਂ ਵਿੱਚ ਹੈਪੇਟਾਈਟਸ ਬੀ ਦਾ ਵਾਇਰਸ ਫੈਲਾ ਸਕਦੇ ਹੋ। | **ਤੁਹਾਨੂੰ ਹੋਰ ਟੈਸਟ ਕਰਵਾਉਣ ਦੀ ਲੋੜ ਹੈ**<br>• ਹੋਰ ਮੁਲਾਂਕਣ ਅਤੇ ਟੈਸਟ ਕਰਵਾਉਣ ਲਈ ਡਾਕਟਰ ਨੂੰ ਮਿਲੋ।<br>• ਆਪਣੇ ਹੈਪੇਟਾਈਟਸ ਬੀ ਦੇ ਟੈਸਟ ਦੇ ਨਤੀਜਿਆਂ ਬਾਰੇ ਆਪਣੇ ਡਾਕਟਰਾਂ ਨੂੰ ਸਾਰੀ ਜਾਣਕਾਰੀ ਦਿਓ।<br>• ਆਪਣੇ ਜੀਵਨਸਾਥੀ ਦਾ ਅਤੇ ਆਪਣੇ ਨਾਲ ਰਹਿਣ ਵਾਲੇ ਲੋਕਾਂ ਦਾ ਟੈਸਟ ਕਰਵਾਓ ਅਤੇ ਉਹਨਾਂ ਨੂੰ ਵੈਕਸੀਨ ਜ਼ਰੂਰ ਲਗਵਾਓ। |
| − | − | + | **ਤੁਸੀ ਸੰਕਰਮਿਤ ਹੋ ਸਕਦੇ ਹੋ**<br>• ਨਤੀਜਾ ਸਪਸ਼ਟ ਨਹੀ ਹੈ — ਅਤੀਤ ਜਾਂ ਵਰਤਮਾਨ ਵਿੱਚ ਹੈਪੇਟਾਈਟਸ ਬੀ ਸੰਕਰਮਣ ਹੋਇਆ ਹੋ ਸਕਦਾ ਹੈ। | **ਤੁਹਾਨੂੰ ਹੋਰ ਟੈਸਟ ਕਰਵਾਉਣ ਦੀ ਲੋੜ ਹੈ**<br>• ਹੋਰ ਮੁਲਾਂਕਣ ਅਤੇ ਟੈਸਟ ਕਰਵਾਉਣ ਲਈ ਡਾਕਟਰ ਨੂੰ ਮਿਲੋ।<br>• ਆਪਣੇ ਹੈਪੇਟਾਈਟਸ ਬੀ ਦੇ ਟੈਸਟ ਦੇ ਨਤੀਜਿਆਂ ਬਾਰੇ ਆਪਣੇ ਡਾਕਟਰਾਂ ਨੂੰ ਸਾਰੀ ਜਾਣਕਾਰੀ ਦਿਓ।<br>• ਇਮਿਊਨਿਟੀ ਨੂੰ ਕਮਜ਼ੋਰ ਕਰਨ ਵਾਲੀ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਗੱਲ ਕਰੋ ਕਿਉਂਕਿ ਇਸ ਨਾਲ ਹੈਪੇਟਾਈਟਸ ਬੀ ਦੇ ਦੁਬਾਰਾ ਹੋਣ ਦਾ ਜੋਖਮ ਵੱਧ ਸਕਦਾ ਹੈ।<br>• ਆਪਣੇ ਜੀਵਨਸਾਥੀ ਦਾ ਅਤੇ ਆਪਣੇ ਨਾਲ ਰਹਿਣ ਵਾਲੇ ਲੋਕਾਂ ਦਾ ਟੈਸਟ ਕਰਵਾਓ ਅਤੇ ਉਹਨਾਂ ਨੂੰ ਵੈਕਸੀਨ ਜ਼ਰੂਰ ਲਗਵਾਓ। |

Hep B Hub
doh.wa.gov/hepbhub

Washington State Department of Health

*ਇਸ ਸਾਰਣੀ ਵਿੱਚ ਦਿੱਤੀ ਜਾਣਕਾਰੀ ਉਹਨਾਂ ਲੋਕਾਂ 'ਤੇ ਲਾਗੂ ਨਹੀ ਹੁੰਦੀ ਜਿਹਨਾਂ ਨੂੰ ਗੰਭੀਰ (ਜਾਂ ਨਵਾਂ-ਨਵਾਂ) ਹੈਪੇਟਾਈਟਸ ਬੀ ਹੋਇਆ ਹੈ।

DOH 420-434 October 2022 Punjabi, Indian

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ। ਸਰੋਤ: Hepatitis B Foundation https://www.hepb.org